positive

Nottinghamshire Healthcare NHS
NHS Trust
Positive about integrated healthcare

**ਹੇਠ ਲਿਖਿਆਂ ਦੁਆਰਾ ਆਪਣੀ ਬੱਚੀ ਨੂੰ ਗੱਲਬਾਤ ਕਰਨ ਦਾ ਕੋਈ ਕਾਰਨ ਪ੍ਰਦਾਨ ਕਰੋ:**

- ਉਸਦੀਆਂ ਪਸੰਦੀਦਾ ਵਸਤੂਆਂ ਨੂੰ ਨਜ਼ਰਾਂ ਦੇ ਸਾਹਮਣੇ ਪਰ ਪਹੁੰਚ ਤੋਂ ਬਾਹਰ ਰੱਖਕੇ
- ਚਲਾਉਣ ਲਈ ਮੁਸ਼ਕਿਲ ਲੋਕ ਖਿਡੌਣਿਆਂ ਦੀ ਵਰਤੋਂ ਕਰਨਾ (ਇਹ ਉਹ ਖਿਡੌਣੇ ਹੁੰਦੇ ਹਨ ਜਿੰਨ੍ਹਾਂ ਨੂੰ ਚਲਾਉਣ ਲਈ ਉਸਨੂੰ ਤੁਹਾਡੀ ਮਦਦ ਦੀ ਲੋੜ ਹੁੰਦੀ ਹੈ)
- ਚੀਜ਼ਾਂ ਨੂੰ ਥੋੜ੍ਹਾ ਥੋੜ੍ਹਾ ਕਰਕੇ ਦੇਣਾ (ਥੋੜ੍ਹਾ ਥੋੜ੍ਹਾ ਕਰਕੇ ਪੇਸ਼ਕਸ਼ ਕਰਨਾ)

**ਫੈਸਲਾ ਕਰੋ ਕਿ ਤੁਸੀਂ ਉਸ ਵੱਲੋਂ ਕਿਵੇਂ ਸੰਚਾਰ ਕੀਤਾ ਜਾਣਾ ਚਾਹੁੰਦੇ ਹੋ:**

- ਤੁਹਾਡੇ ਕੋਲ ਪਹੁੰਚਣਾ
- ਤੁਹਾਡੇ ਨਾਲ ਅੱਖ ਮਿਲਾਉਣਾ
- ਕੋਈ ਆਵਾਜ਼ ਪੈਦਾ ਕਰਨਾ
- ਸ਼ਬਦ ਬੋਲਣ ਦੀ ਕੋਸ਼ਿਸ਼ ਕਰਨਾ

ਇਹ ਸਾਰੇ ਸੰਚਾਰ ਇਰਾਦਤਨ ਹਨ ਅਤੇ ਤੁਸੀਂ ਨਹੀਂ ਚਾਹੁੰਦੇ ਕਿ ਉਹ ਆਪਣੀਆਂ ਕੋਸ਼ਿਸ਼ਾਂ ਤੋਂ ਖੁੰਝ ਜਾਵੇ।

**ਤਾਂ ਫਿਰ ਉਸ ਵੱਲੋਂ ਸੰਚਾਰ ਕੀਤੇ ਜਾਣ ਦੀ ਉਡੀਕ ਕਰੋ...**

**ਵਸਤੂਆਂ ਨੂੰ ਆਪਣੇ ਕੋਲ ਰੱਖੋ:**

- ਹਰ ਚੀਜ਼ ਉਸਨੂੰ ਸਾਰੀ ਦੀ ਸਾਰੀ ਇੱਕੋ ਵਾਰ ਦੇਣ ਦੀ ਬਜਾਏ ਥੋੜ੍ਹਾ **ਰੁਕ ਜਾਓ**, **ਇਸਨੂੰ ਥੋੜ੍ਹੀ ਥੋੜ੍ਹੀ ਕਰਕੇ ਦਿਓ** ਉਦਾਹਰਨ ਲਈ ਜੇ ਉਹ ਸਾਰੀਆਂ ਇੱਟਾਂ ਪਸੰਦ ਕਰਦੀ ਹੈ ਤਾਂ ਉਸਨੂੰ ਸਾਰੀਆਂ ਇੱਕੋ ਵਾਰ ਨਾ ਦਿਓ, ਇਸਦੀ ਬਜਾਏ ਥੋੜ੍ਹੀਆਂ ਥੋੜ੍ਹੀਆਂ ਕਰਕੇ ਦਿਓ ਜਾਂ ਦੋ ਇੱਟਾਂ ਛੱਡਕੇ ਬਾਕੀ ਸਾਰੀਆਂ ਦੇ ਦਿਓ।
- **ਮੁੱਖ ਸ਼ਬਦ** "ਇੱਟ" **'ਤੇ ਜੋਰ ਦਿਓ** ਅਤੇ ਇੱਕ ਇੱਟ ਦਿਓ ਫੇਰ ਥੋੜ੍ਹਾ **ਰੁਕ ਜਾਓ** ਅਤੇ ਉਸਨੂੰ ਤੁਹਾਨੂੰ ਇਹ ਦੱਸਣ ਦੀ ਉਡੀਕ ਕਰੋ ਕਿ ਉਸਨੂੰ ਇੱਕ ਹੋਰ ਇੱਟ ਚਾਹੀਦੀ ਹੈ ਅਤੇ ਇੱਕ ਵਾਰ ਫੇਰ ਮੁੱਖ ਸ਼ਬਦ "ਇੱਟ" 'ਤੇ ਜੋਰ ਦਿਓ।
- ਉਸਨੂੰ ਹੇਠ ਲਿਖਿਆਂ ਦੀ ਵਰਤੋਂ ਕਰਕੇ **ਜਵਾਬ ਦੇਣ ਲਈ ਸਮਾਂ ਦੇਣ ਵਾਸਤੇ ਲੋੜੀਦੇ ਸਮੇਂ ਤੱਕ ਉਡੀਕ ਕਰੋ;**

  ਤੱਕਣੀ
  
  ਕੋਈ ਹਰਕਤ
  
  ਕੋਈ ਆਵਾਜ਼
  
  ਸ਼ਬਦ

ਤਾਂ ਜੋ ਉਹ ਤੁਹਾਨੂੰ ਦੱਸ ਸਕੇ ਕਿ ਉਸਨੂੰ ਹੋਰ (ਇੱਟ) ਚਾਹੀਦੀ ਹੈ

**ਯਾਦ ਰੱਖੋ ਕਿ ਇਹ ਰਣਨੀਤੀ ਤਾਂ ਹੀ ਕੰਮ ਕਰੇਗੀ ਜੇਕਰ ਸਰਗਰਮੀ ਉਸ ਵਾਸਤੇ ਦਿਲਚਸਪੀ ਵਾਲੀ ਹੈ।**